ਦਫਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ, ਸ.ਅ.ਸ.ਨਗਰ
(ਪ੍ਰੋਮੋਸ਼ਨ ਸੈਲ)

**ਦਫਤਰੀ ਕਾਰਜ ਲਈ ਨੋਟਿਸ**

1.0 ਮਾਨਯੋਗ ਹਾਈਕੋਰਟ ਵਿੱਚ ਸਿਵਲ ਰਿੱਟ ਪਟੀਸ਼ਨ ਨੰ: 28434 ਆਫ 2019 ਹਰਭਜਨ ਸਿੰਘ ਤੇ ਹੋਰ ਬਨਾਮ ਪੰਜਾਬ ਸਰਕਾਰ ਦਾਇਰ ਕੀਤੀ ਗਈ, ਜਿਸ ਵਿੱਚ ਮਿਤੀ 15-02-2023 ਦੇ ਹੁਕਮਾਂ ਦੇ ਸਨਮੁੱਖ ਵਿਭਾਗ ਵੱਲੋਂ ਮਿਤੀ 29-05-2024 ਨੂੰ ਮਾਸਟਰ/ਮਿਸਟ੍ਰੈਸ ਦੀ ਪ੍ਰੋਵੀਜਨਲ ਸਾਂਝੀ ਸੀਨੀਆਰਤਾ ਸੂਚੀ ਜਾਰੀ ਕਰ ਦਿੱਤੀ ਗਈ ਹੈ ਅਤੇ ਮਿਤੀ 06-07-2024 ਅਤੇ 05-08-2024 ਦੇ ਨੋਟਿਸ ਰਾਹੀਂ ਫਾਈਨਲ ਸੋਧਾਂ ਵੀ ਜਾਰੀ ਕਰ ਦਿੱਤੀਆਂ ਗਈਆਂ ਹਨ।

2.0 ਹੁਣ ਮਾਸਟਰ/ਮਿਸਟ੍ਰੈਸ ਕਾਡਰ ਤੋਂ **ਬਤੌਰ ਹੈਡ ਮਾਸਟਰ ਕਾਡਰ** ਵਿੱਚ ਪਦ-ਉੱਨਤੀ ਕਰਨ ਸਬੰਧੀ ਪ੍ਰੀਕ੍ਰਿਆ ਸੁਰੂ ਕੀਤੀ ਜਾਣੀ ਹੈ। ਇਸ ਲਈ ਹੇਠ ਅਨੁਸਾਰ ਕਰਮਚਾਰੀਆਂ ਦੀ ਸੀਨੀਅਰਤਾ ਅਨੁਸਾਰ ਪਦ-ਉੱਨਤੀ ਲਈ ਪਾਤਰਤਾ ਚੈਕ ਕਰਨ ਲਈ ਆਪਣੇ ਕੇਸ ਭੇਜਣਾ ਯਕੀਨੀ ਬਣਾਉਣਗੇ। ਜੋ **ਕਰਮਚਾਰੀ ਮਿਤੀ 31-10-2024 ਤੱਕ ਆਪਣੀ ਪਾਤਰਤਾ ਪੂਰੀ ਕਰਦੇ ਹੋਣ।**

3.0 ਕਰਮਚਾਰੀ ਆਪਣੇ ਕੇਸ ਵਿਭਾਗ ਵੱਲੋਂ ਜਾਰੀ ਕੀਤੇ ਗਏ ਪ੍ਰੋਫਾਰਮੇ ਅਨੁਸਾਰ ਭਰਨ ਉਪਰੰਤ ਆਪਣੇ ਡੀ ਡੀ ਓ ਤੋ ਹਸਤਾਖਰ ਕਰਵਾ ਕੇ ਹੇਠ ਦਿੱਤੇ ਸਡਿਊਲ ਅਨੁਸਾਰ ਨਿੱਜੀ ਤੌਰ ਤੇ ਹਾਜਰ ਹੋ ਕੇ ਜਮਾਂ ਕਰਵਾਉਣਗੇ।

| ਲੜੀ ਨੰ | ਕੈਟਾਗਿਰੀ | ਸੀਨੀਆਰਤਾ ਨੰ | ਮਿਤੀ ਅਤੇ ਸਮਾਂ | ਸਥਾਨ | ਵਿਸੇਸ ਕਥਨ |
|---|---|---|---|---|---|
| 1 | ਜਨਰਲ | 31090 ਤੋ 40000 | 26-11-24 10 ਤੋ 4 ਵਜੇ ਤੱਕ | ਦ:ਐਸ.ਸੀ.ਈ.ਆਰ.ਟੀ ਪੰਜਾਬ (6ਵੀ ਮੰਜਿਲ ਕਾਨਫਰੈਂਸ਼ ਹਾਲ), ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ ਫੇਜ-8 ਸ.ਅ.ਸ. ਨਗਰ | ਕੇਵਲ ਕੰਮ ਕਰਦੇ ਕਰਮਚਾਰੀ ਹੀ ਆਪਣਾ ਕੇਸ ਜਮਾਂ ਕਰਵਾਉਣਗੇ । |
| 2 | ਅ.ਜ | 31090 ਤੋ 42000 | ਓਹੀ | ਓਹੀ | |
| 3 | ਹੈਡੀਕੈਪਡ | 31090 ਤੋ62500 | ਓਹੀ | ਓਹੀ | |

4.0 ਕਰਮਚਾਰੀ ਨਾਲ ਨੱਥੀ ਪ੍ਰੋਫਾਰਮਾ (ਅਨੁਲੱਗ ੳ ਅਤੇ ਅ) ਭਰkੇ, ਸਿਰਫ ਅਨੁਲੱਗ ੳ ਆਪਣੇ ਡੀ.ਡੀ.ਓ ਤੋਂ ਤਸਦੀਕ ਕਰਵਾਉਣਾ ਯਕੀਨੀ ਬਣਾਉਣਗੇ ਅਤੇ ਪ੍ਰੋਫਾਰਮੇ ਵਿੱਚ ਦਰਜ਼ ਕੀਤੇ ਵੇਰਵਿਆਂ ਸਬੰਧੀ ਸਰਟੀਫਿਕੇਟਾਂ ਦੀਆਂ ਤਸਦੀਕ ਸੁਦਾ ਫੋਟੋਕਾਪੀਆਂ ਨਾਲ ਨੱਥੀ ਕਰਨਗੇ ।

| ਲੜੀ ਨੰ | ਦਸਤਾਵੇਜ ਦੀ ਸੂਚੀ |
|---|---|
| 1 | **ਅਨੁਲੱਗ ੳ ਅਤੇ ਅ** |
| 2 | **ਬਤੌਰ ਮਾਸਟਰ ਕਾਡਰ ਵਿੱਚ ਨਿਯੁਕਤੀ ਦੀ ਕਾਪੀ** |

| | |
|---|---|
| 3 | **ਬਤੌਰ ਮਾਸਟਰ ਕਾਡਰ ਵਿੱਚ ਹਾਜ਼ਰੀ ਰਿਪੋਰਟ ਦੀ ਕਾਪੀ** |
| 4 | **ਸਬੰਧਤ ਵਿਸ਼ੇ ਦੀ ਪੋਸਟ ਗ੍ਰੈਜੂਏਸ਼ਨ ਦੀ ਡੀ.ਐਮ.ਸੀ ਦੀ ਕਾਪੀ** |
| 5 | **ਸਬੰਧਤ ਵਿਸ਼ੇ ਦੀ ਪੋਸਟ ਗ੍ਰੈਜੂਏਸ਼ਨ ਡਿਗਰੀ ਦੀ ਕਾਪੀ** |
| 6 | **ਜੇਕਰ ਸੇਵਾ ਵਿੱਚ ਆਉਣ ਉਪਰੰਤ ਮਾਸਟਰ ਡਿਗਰੀ ਹਾਸਲ ਕੀਤੀ ਹੈ, ਤਾਂ ਮੰਨਜੂਰੀ ਪੱਤਰ ਦੀ ਕਾਪੀ** |
| 7 | **ਬੀ.ਐਡ ਦੀ ਡੀ.ਐਮ.ਸੀ ਦੀ ਕਾਪੀ** |
| 8 | **ਬੀ.ਐਡ ਦੀ ਡਿਗਰੀ ਦੀ ਕਾਪੀ** |
| 9 | **ਐਸ.ਸੀ ਕੈਟਾਗਿਰੀ ਸਰਟੀਫਿਕੇਟ, ਜੇਕਰ ਲਾਗੂ ਹੋਵੇ।** |
| 10 | Disability **ਸਰਟੀਫਿਕੇਟ only for Differently Abled** |
| 11 | **ਸਾਲ 2018-19 ਤੋਂ 2022-2023 ਤੱਕ ਦੀ ਏ.ਸੀ.ਆਰਜ਼ ਦੀ ਕਾਪੀ** |
| 12 | **ਪਰਖ ਕਾਲ ਸਮਾਂ ਮੁਕੰਮਲ ਕਰਨ ਸਬੰਧੀ ਪੱਤਰ ਦੀ ਕਾਪੀ** |

5.0 ਜਿਨ੍ਹਾਂ ਕਰਮਾਰੀਆਂ ਦੇ ਲੋੜੀਂਦੇ ਵੇਰਵੇ ਹਰ ਪੱਖੋਂ ਮੁਕੰਮਲ ਹੋਣਗੇ ਕੇਵਲ ਉਨ੍ਹਾਂ ਮਾਸਟਰ/ਮਿਸਟ੍ਰੈਸ ਨੂੰ ਸਬੰਧਤ ਵਿਸ਼ੇ ਵਿੱਚ ਬਤੌਰ ਹੈਡਮਾਸਟਰ ਕਾਡਰ ਦੀ ਪਦ-ਉਨੱਤੀ ਲਈ ਵਿਚਾਰਿਆ ਜਾਵੇਗਾ।

6.0 ਕਰਮਚਾਰੀ ਦਾ ਮਿਤੀ 29-05-24 ਅਤੇ 05.08.2024 ਨੂੰ ਜਾਰੀ ਕੀਤੀ ਮਾਸਟਰ/ਮਿਸਟ੍ਰੈਸ ਕਾਡਰ ਦੀ ਸੀਨੀਆਰਤਾ ਸੂਚੀ ਵਿੱਚ ਸੀਨੀਆਰਤਾ ਨੰਬਰ ਹੋਣਾ ਲਾਜ਼ਮੀ ਹੈ।

7.0 ਜਿਨ੍ਹਾਂ ਕਰਮਚਾਰੀਆਂ ਦੇ ਲੋੜੀਂਦੇ ਵੇਰਵੇ ਹਰ ਪੱਖੋਂ ਮੁਕੰਮਲ ਹੋਣਗੇ ਉਹ ਹੀ ਮਾਸਟਰ/ਮਿਸਟ੍ਰੈਸ ਤੋਂ ਬਤੌਰ ਹੈਡਮਾਸਟਰ ਕਾਡਰ ਦੀ ਪਦ-ਉਨੱਤੀ ਲਈ ਯੋਗ ਹੋਣਗੇ।

8.0 ਜਿਹੜੇ ਜਿਲ੍ਹੇ ਦੇ ਮਾਸਟਰ/ਮਿਸਟ੍ਰੈਸ ਡੈਪੂਟੇਸ਼ਨ ਤੇ ਯੂ.ਟੀ ਵਿੱਚ ਕੰਮ ਕਰ ਰਹੇ ਹਨ ਉਨ੍ਹਾਂ ਕਰਮਚਾਰੀਆਂ ਨੂੰ ਸੂਚਿਤ ਕਰਨਾ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈਸਿ) ਦੀ ਜਿੰਮੇਵਾਰੀ ਹੋਵੇਗੀ।

9.0 ਤਰੱਕੀ ਲਈ ਪਾਤਰਤਾ ਦੀ ਹਦਾਇਤਾਂ ਅਨੁਸਾਰ ਸਬੰਧਤ ਕਰਮਚਾਰੀ ਦੀ ਸਾਲ 2017-18 ਤੋਂ 2022-2023 ਤੱਕ ਪੰਜ ਸਾਲਾਂ ਦੀ ਏ.ਸੀ.ਆਰਜ ਵਾਚੀਆਂ ਜਾਣੀਆਂ ਹਨ। ਜੇਕਰ ਕਿਸੇ ਕਰਮਚਾਰੀ ਦੀ ਪਿੱਛਲੇ ਪੰਜ ਸਾਲਾਂ ਦੀਆਂ ਏ.ਸੀ.ਆਰਜ਼ ਵਿੱਚੋਂ ਕਿਸੇ ਵੀ ਸਾਲ/ਸਾਲਾਂ ਦੀ ਏ.ਸੀ.ਆਰ ਉਪਲਬੱਧ ਨਹੀਂ ਹਨ ਤਾਂ ਉਸ ਸਾਲ ਦਾ NRC ਅਤੇ ਪਹਿਲਾਂ ਦੇ ਸਾਲਾਂ ਦੀ ਏ.ਸੀ.ਆਰਜ ਦੇ ਵੇਰਵੇ/ਦਰਜ਼ਾਬੰਦੀ ਦਰਜ਼ ਕਰਵਾਉਣਗੇ ।

10.0 ਜੋ ਮਾਸਟਰ/ਮਿਸਟ੍ਰੈਸ ਐਸ.ਸੀ ਕੈਟਾਗਿਰੀ ਅਤੇ **Differently Abled** ਕੈਟਾਗਿਰੀ ਨਾਲ ਸਬੰਧਤ ਹੈ, ਉਹ ਕਰਮਚਾਰੀ ਸਮਰਥ ਅਧਿਕਾਰੀ ਵੱਲੋਂ ਜਾਰੀ ਐਸ.ਸੀ /Disability ਸਰਟੀਫਿਕੇਟ **for Differently Abled** ਨਾਲ ਅਟੈਚ ਕਰਨਗੇ ।

11.0 ਹੈਂਡੀਕੈਪਡ ਕੈਟਾਗਿਰੀ ਤੋਂ ਇਲਾਵਾ ਜੇਕਰ ਕੋਈ ਕਰਮਚਾਰੀ ਕਿਸੇ ਵੀ ਤਰ੍ਹਾਂ ਦੇ ਵਾਧੇ ਤੇ ਹਨ, ਉਨ੍ਹਾਂ ਨੂੰ ਪਦ-ਉਨੱਤੀ ਲਈ ਵਿਚਾਰਿਆ ਨਹੀਂ ਜਾਵੇਗਾ।

12.0 ਸਕਰੂਟਨੀ ਤੇ ਹਾਜਰ ਹੋਣਾ ਦਫਤਰੀ ਕੰਮਕਾਜ ਦਾ ਹਿੱਸਾ ਹੈ। ਇਹ ਪਦਉੱਨਤੀ ਦਾ ਕੋਈ ਅਧਾਰ ਨਹੀ ਹੋਵੇਗਾ।

13.0 ਮਾਸਟਰ/ਮਿਸਟ੍ਰੈਸ ਕਾਡਰ ਤੋਂ **ਬਤੌਰ ਹੈਡ ਮਾਸਟਰ ਕਾਡਰ** ਵਿੱਚ ਪਦ-ਉਨੱਤੀ ਕਰਨ ਲਈ ਮਿਤੀ 23.09.2024 ਰਾਹੀਂ ਪਹਿਲਾਂ ਵੀ ਕੇਸ ਮੰਗੇ ਗਏ ਸੀ, ਜੇਕਰ ਉਸ ਸਮੇਂ ਕੋਈ ਕਰਮਚਾਰੀ ਕੇਸ ਦੇਣ ਤੋਂ ਰਹਿ ਗਿਆ ਹੋਵੇ ਉਹ ਵੀ ਆਪਣਾ ਕੇਸ ਜਮਾਂ ਕਰਵਾ ਸਕਦਾਹੈ। ਇਸ ਉਪਰੰਤ ਕੇਸ ਜਮਾਂ ਕਰਵਾਉਣ ਲਈ ਹੋਰ ਮੌਕਾ ਨਹੀਂ ਦਿੱਤਾ ਜਾਵੇਗਾ।

ਮਿਤੀ: 21-11-24

ਸਹਾਇਕ ਡਾਇਰੈਕਟਰ (ਪ੍ਰਮੋਸ਼ਨ ਸੈਲ)

# Forwarding for Promotion as Head master ................................

| | | | | | | |
|---|---|---|---|---|---|---|
| Staff Login ID | | | Seniority as on 29-05-2024 | | Present Address | |
| Name | | | Father's Name | | Date of Birth | |
| Gender (Male/ Female) | | | Category | | Disability | |
| District | | | Place of Posting | | Subject as a Master | |
| Regular date of Appointment in Master cadre/BPEO cadre | | | Regular date of Joining in Master cadre/BPEO cadre | | Present Designation : Master/BPEO | |
| Total Experience as Master/BPEO | | | Staff Status Working/ Retired | | Graduation/B.Ed. Degree passing Date and Name Of University | |
| PCP Attended (Yes/No) | | | Departmental Approval Letter if Qualified after joining the service | | Phone No. of Employee | |
| Whether as Master/BPEO/Headmaster in Reversion Zone | | | If Yes, Mention Date | | Head/ In charge Phone Number | |
| Whether any Departmental Enquiry/Charge sheet/ Proceedings/Vigilance enquiry/Criminal Proceedings pending | | | If yes, mention | | | |

| | ACR Mark's:- Out Standing -4, Very Good-3,Good-2, Average-1 | | | | | | |
|---|---|---|---|---|---|---|---|
| ACR 2018-19 | ACR 2019-20 | ACR 2020-21 | ACR 2021-22 | ACR 2022-23 | ACR 2023-24 | Total Marks | Remarks |
| | | | | | | | |

Signature of Employee

Seal and Signature of DDO

| Remarks by Scrutiny Committee |
|---|
| |

Seal and Signature of the in charge of the Scrutiny Committee

ਉਮੀਦਵਾਰ ਵੱਲੋਂ ਸਵੈ ਤਸਦੀਕ ਕੀਤੀ ਫੋਟੋ ਚਿਪਕਾਈ ਜਾਵੇ

# ਸਵੈ ਘੋਸ਼ਣਾ ਪੱਤਰ

ਮੈਂ ........................................................ ਪੁੱਤਰ/ਪੁੱਤਰੀ ਸ਼੍ਰੀ ...................................................... ਵਾਸੀ ਮਕਾਨ ਨੰ: ................ ਸੈਕਟਰ/ਪਿੰਡ

.............................. ਜ਼ਿਲ੍ਹਾ .............................. ਦਾ/ਦੀ ਰਹਿਣ ਵਾਲਾ/ਵਾਲੀ ਹਾਂ ਅਤੇ ਹੇਠ ਲਿਖੇ ਅਨੁਸਾਰ ਘੋਸ਼ਣਾ ਕਰਦਾ/ਕਰਦੀ ਹਾਂ ਕਿ :-

1. ਮੈਂ ਉਕਤ ਪਤੇ ਦਾ/ਦੀ ਰਹਿਣ ਵਾਲਾ/ਵਾਲੀ ਹਾਂ।
2. ਮੇਰੀ ਜਨਮ ਮਿਤੀ ............................................... ਹੈ।
3. ਮੈਂ ਬਤੌਰ ਮਾਸਟਰ/ਮਿਸਟ੍ਰੈਸ/ਬੀ.ਪੀ.ਈ.ਓ ਸਸਸਸ/ਸਹਸ/ਸਮਿਸ ........................................................ ਬਲਾਕ ........................... ਜ਼ਿਲ੍ਹਾ ........................... ਵਿਖੇ ਡਿਊਟੀ ਨਿਭਾ ਰਿਹਾ/ਰਹੀ ਹਾਂ।
4. ਮੈਂ ਗ੍ਰੈਜੂਏਸ਼ਨ/ਬ.ਐੱਡ (ਰੈਗੂਲਰ/ਪੱਤਰ ਵਿਹਾਰ/ਡਿਸਟਾਂਸ ਮੋਡ ਰਾਹੀਂ) ...................................................... ਯੂਨੀਵਿਸਿਟੀ ਤੋਂ ਮਿਤੀ ................................ ਸੈਸ਼ਨ ............................ ਦੌਰਾਨ .................................. ਵਿਸ਼ੇ ਵਜੋਂ ਪਾਸ ਕੀਤੀ ਹੈ। ਸੇਵਾ ਵਿੱਚ ਆਉਣ ਉਪਰੰਤ ਪ੍ਰਾਪਤ ਕੀਤੀ ਯੋਗਤਾ ਸਬੰਧੀ ਮੈਂ ................................ ਵਿਭਾਗ ਦੇ ਪੱਤਰ ਨੰ: ........................... ਮਿਤੀ ................. ਅਨੁਸਾਰ ਵਿਸ਼ਾ ................................... (ਰੈਗੂਲਰਿ/ਪੱਤਰ ਵਿਹਾਰ/ਡਿਸਟਾਂਸ ਮੋਡ ਰਾਹੀਂ) ਮੰਨਜ਼ੂਰੀ ਲਈ ਹੈ।
5. ਮੈਂ ਵਿਭਾਗ ਵਿੱਚ ਆਉਣ ਉਪਰੰਤ ਪ੍ਰਾਪਤ ਕੀਤੀ ਰੈਗੂਲਰ ਤੌਰ ਤੇ ਉੱਤ ਯੋਗਤਾ ਲਈ ਨਿਯਮਾਂ ਅਨੁਸਾਰ ਛੁੱਟੀ ਅਤੇ ਪ੍ਰਵਾਨਗੀ ਲਈ ਹੈ।
6. ਮੇਰੇ ਵਿਰੁੱਧ ਕੋਈ Departmental Enquiry/Charge sheet/ Proceedings/Vigilance enquiry/Criminal Proceedings ਪੈਂਡਿੰਗ ਨਹੀਂ ਹੈ ਅਤੇ ਨਾਂ ਹੀ ਚੱਲ ਰਿਹਾ ਹੈ (ਜੇਕਰ ਪੈਡਿੰਗ/ਚੱਲ ਰਿਹਾ ਹੈ ਤਾਂ ਵੇਰਵੇ ਨੱਥੀ ਕੀਤੇ ਜਾਂਦੇ ਹਨ) ।
7. ਮੈਂ ਸਾਲ .......................... ਵਿੱਚ ਬਤੌਰ ਹੈੱਡਮਾਸਟਰ/ਹੈੱਡ ਮਿਸਟ੍ਰੈਸ ............................ ਤਰੱਕੀ ਲੈ ਲਈ ਸੀ।
8. ਵਿਸ਼ੇਸ਼ ਕਥਨ ........................................................................................................................

ਮਿਤੀ ................................

ਸਥਾਨ ................................ (ਹਸਤਾਖਰ)

ਮੋਬਾਈਲ ਨੰ ................................ ਸਵੈ ਘੋਸ਼ਣਾਕਰਤਾ

ਤਸਦੀਕ

ਮੈਂ ਤਸਦੀਕ ਕਰਦਾ/ਕਰਦੀ ਹਾਂ ਕਿ ਮੇਰੀ ਉਪਰੋਕਤ ਸਵੈ ਘੋਸ਼ਣਾ ਬਿਲਕੁਲ ਸਹੀ ਵਾ: ਦਰੁੱਸਤ ਹੈ ਅਤੇ ਇਸ ਵਿੱਚ ਕੁਝ ਵੀ ਲੁਕਾਇਆ/ਛੁਪਾਇਆ ਨਹੀਂ ਗਿਆ ਹੈ। ਜੇਕਰ ਇਸ ਵਿੱਚ ਕੁਝ ਵੀ ਗਲਤ ਪਾਇਆ ਜਾਂਦਾ ਹੈ ਤਾਂ ਮੈਂ ਇਸ ਬਾਬਤ ਤਰੱਕੀ ਰੱਦ ਹੋਣ ਲਈ ਜਾਂ ਵਿਭਾਗੀ ਅਨੁਸ਼ਾਸਨੀ ਕਾਰਵਾਈ ਲਈ ਖੁਦ ਜ਼ਿੰਮੇਵਾਰ ਹੋਵਾਂਗਾ/ਹੋਵਾਂਗੀ।

ਮਿਤੀ ................................ (ਹਸਤਾਖਰ)

ਸਥਾਨ ................................ ਸਵੈ ਘੋਸ਼ਣਾਕਰਤਾ